This question paper contains 3 printed pages]

*Your Roll No.............*

**4593**

**B.A. (PROGRAMME)/II/III** **C**

PUNJABI LANGUAGE (A)—Paper II

(Advanced Punjabi)

(Admissions of 2004/2006 and after in respect

of the students of regular colleges/NCWEB.)

*Time : 3 Hours* *Maximum Marks : 75*

(*Write your Roll No. on the top immediately on receipt of this question paper.*)

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਦਾ ਸਾਰਾਂਸ਼ (ਇਕ ਤਿਹਾਈ) ਲਿਖੋ ਅਤੇ ਢੁੱਕਵਾਂ ਸਿਰਲੇਖ ਦਿਉ :

"ਅੰਮ੍ਰਿਤਾ ਪ੍ਰੀਤਮ ਪੰਜਾਬ ਦੇ ਕੁਝ ਕੁ ਉਨ੍ਹਾਂ ਸ਼ਰੋਮਣੀ ਕਵੀਆਂ ਵਿਚੋਂ ਹੈ, ਜਿਨ੍ਹਾਂ ਦੀ ਰਚਨਾ ਨੇ ਪੰਜਾਬੀ ਸਾਹਿਤ ਦੇ ਗੌਰਵ ਵਿਚ ਬੇਅੰਤ ਵਾਧਾ ਕੀਤਾ ਹੈ । ਪ੍ਰਿੰਸੀਪਲ ਤੇਜਾ ਸਿੰਘ ਨੇ ਉਸਨੂੰ 'ਪੰਜਾਬ ਦੀ ਆਵਾਜ਼' ਕਹਿ ਕੇ ਸਤਕਾਰਿਆ ਹੈ । ਸੱਚਮੁੱਚ ਹੀ ਉਹ ਪੰਜਾਬ ਦੇ ਇਕ ਵਡੇਰੇ ਭਾਗ, ਖ਼ਾਸ ਕਰਕੇ ਇਸਤਰੀ-ਜਗਤ ਦੇ ਜਜ਼ਬਿਆਂ, ਉਨ੍ਹਾਂ ਦੀਆਂ ਪੀੜਾਂ ਤੇ ਉਸ ਦੇ

ਕਸ਼ਟਾਂ ਦੀ ਤਰਜਮਾਨ ਹੈ । ਜਿਸ ਦਰਦ ਨਾਲ ਉਸਨੇ ਮਨੁੱਖ ਦੀਆਂ ਪੀੜਾਂ, ਕੀ ਨਿੱਜੀ ਤੇ ਕੀ ਸਮੂਹਕ ਨੂੰ ਗਾਇਆ ਹੈ, ਉਹ ਹੋਰ ਕਿਸੇ ਪੰਜਾਬੀ ਕਵੀ ਦੇ ਹਿੱਸੇ ਨਹੀਂ ਆਇਆ । ਉਸ ਦੇ ਬੋਲਾਂ ਵਿਚ ਸਹਿਜਤਾ ਅਤੇ ਖਿੱਚ ਹੈ, ਉਸ ਦੇ ਰੁਦਨ ਵਿਚ ਕਹਿਰਾਂ ਦੀ ਧੂਹ ਵੀ ਹੈ ।" 10

2. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਬਾਰੇ ਪੰਜ ਸੌ ਸ਼ਬਦਾਂ ਦਾ ਨਿਬੰਧ ਲਿਖੋ :

(ੳ) ਭ੍ਰਿਸ਼ਟਾਚਾਰ ਦੀ ਸਮੱਸਿਆ

(ਅ) ਖੇਡਾਂ ਦਾ ਵਿਦਿਆਰਥੀ ਜੀਵਨ ਵਿਚ ਮਹੱਤਵ

(ੲ) ਮਨਿ ਜੀਤੈ ਜਗੁ ਜੀਤੁ

(ਸ) ਮੇਰਾ ਮਨ ਪਸੰਦ ਕਵੀ । 15

3. 'ਦੋਸਤੀ' ਬਾਰੇ ਜਾਂ 'ਮਾਂ' ਬਾਰੇ 15 ਕੁ ਸਤਰਾਂ ਦੀ ਕਵਿਤਾ ਲਿਖੋ ।

**ਜਾਂ**

ਮੰਨ ਲਉ ਤੁਸੀਂ ਪੱਤਰਕਾਰ ਹੋ ਅਤੇ ਇਕ ਫੈਕਟਰੀ ਵਿਚ ਕੰਮ ਕਰਦੇ ਬਾਲ ਮਜ਼ਦੂਰਾਂ ਨੂੰ ਮਿਲਦੇ ਹੋ । ਉਨ੍ਹਾਂ ਵਿਚੋਂ ਕਿਸੇ **ਇਕ** ਬਾਲ ਮਜ਼ਦੂਰ ਨਾਲ ਹੋਈ ਗੱਲ ਨੂੰ ਵਾਰਤਾਲਾਪ ਦੇ ਰੂਪ ਵਿਚ ਲਿਖੋ । 10

4. ਕਿਸੇ ਰੋਚਕ ਯਾਤਰਾ ਨੂੰ ਬਿਰਤਾਂਤ ਰੂਪ ਵਿਚ ਲਿਖੋ ।

**ਜਾਂ**

ਸੰਜੀਦਗੀ ਨਾਲ ਪੜ੍ਹੇ ਕਿਸੇ ਪਾਠ ਦੇ ਨੋਟਸ ਤਿਆਰ ਕਰੋ । 10

5. ਹੇਠ ਲਿਖੇ ਵਾਰਤਾਲਾਪ ਨੂੰ ਲੋੜੀਂਦੇ ਵਿਸ਼ਰਾਮ-ਚਿੰਨ੍ਹ ਲਗਾ ਕੇ ਲਿਖੋ :

"ਬਈ ਵਾਹ ਇਹ ਕੀ ਆਖਿਆ ਜੇ ਬਾਊਜੀ ਭੰਡਾਰੀ ਆਪ ਚਲ ਕੇ ਜਾਵੇ ਤੇ ਕੰਮ ਨਾ ਹੋਵੇ ਇਹ ਕਦੇ ਹੋ ਸਕਦੈ ਭੰਡਾਰੀ ਦਾ ਕਹਿਣਾ ਵਿਸ਼ਵਾਸ ਨਾਲ ਭਰਿਆ ਸੀ।" 10

6. ਭਾਸ਼ਾ ਅਤੇ ਉਪਭਾਸ਼ਾ ਵਿਚ ਕੀ ਅੰਤਰ ਹੈ ? ਪੰਜਾਬੀ ਦੀਆਂ ਪੰਜ ਉਪਭਾਸ਼ਾਵਾਂ ਨਾਲ ਸੰਬੰਧਿਤ ਇਕ ਇਕ ਸ਼ਬਦ ਲਿਖੋ। 10

7. ਹੇਠ ਲਿਖੇ ਵਾਕਾਂ ਨੂੰ ਬਰੈਕਟ ਵਿਚ ਦਿੱਤੇ ਆਦੇਸ਼ਾਂ ਅਨੁਸਾਰ ਬਦਲੋ :

(ੳ) ਮੈਨੂੰ ਕੋਈ ਬੁਰਾ ਨਹੀਂ ਲਗਦਾ (ਹਾਂ ਵਾਚਕ ਵਾਕ)

(ਅ) ਮਜ਼ਦੂਰ ਰੋਟੀ ਖਾ ਕੇ ਲੇਟ ਗਿਆ (ਸੰਜੁਗਤ ਵਾਕ)

(ੲ) ਫੁੱਲ ਕਿੰਨਾ ਸੁਹਣਾ ਹੈ (ਸਧਾਰਨ ਵਾਕ)

(ਸ) ਉਹ ਲਾਚਾਰ ਹੈ ਇਸ ਲਈ ਭਿਖਿਆ ਮੰਗਦਾ ਹੈ (ਮਿਸ਼ਰਤ ਵਾਕ)

(ਹ) ਮਕਾਨ ਕਿਸਨੂੰ ਨਹੀਂ ਚਾਹੀਦਾ (ਸਾਧਾਰਨ ਵਾਕ) 10